# ਪੰਜਾਬ ਸਿੱਖਿਆ ਵਿਕਾਸ ਬੋਰਡ

## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਈ-ਬਲਾਕ, ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੋਹਾਲੀ)।

ਫੋਨ ਨੰ: 0172-5212301, 303, 320 E.mail: pedb2012@gmail.com

ਪੰਜਾਬ ਸਿੱਖਿਆ ਵਿਕਾਸ ਬੋਰਡ ਵਲੋਂ ਨਿਮਨ ਲਿਖਤ ਆਸਾਮੀ ਠੇਕਾ ਅਧਾਰਿਤ ਦਰ ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਮਿਤੀ 17-11-2016 ਨੂੰ ਸ਼ਾਮ 5:00 ਵਜੇ ਤੱਕ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ:

| ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਤਨਖਾਹ | ਮੁੱਢਲੀ ਯੋਗਤਾ |
|---|---|---|---|
| ਪ੍ਰੋਜੈਕਟ ਅਫਸਰ | 01 | ਸਬੰਧਤ ਅਧਿਕਾਰੀ ਨੂੰ ਰਿਟਾਇਰਮੈਂਟ ਸਮੇਂ ਲਈ ਗਈ ਆਖਰੀ ਤਨਖਾਹ ਵਿੱਚੋਂ ਪੈਨਸ਼ਨ ਦੀ ਰਕਮ ਘਟਾ ਕੇ ਮਿਲਣਯੋਗ ਹੋਵੇਗੀ। | ਹੇਠ ਲਿਖੇ ਸੇਵਾ ਮੁਕਤ ਅਧਿਕਾਰੀ, ਜਿਨ੍ਹਾਂ ਦਾ ਰਿਟਾਇਰਮੈਂਟ ਸਮੇਂ ਗ੍ਰੇਡ ਘੱਟੋ ਘੱਟ 15600-39100+6600(G.P) ਜਾਂ ਇਸ ਤੋਂ ਵੱਧ ਹੋਵੇ। ਉਨ੍ਹਾਂ ਦਾ ਇਸ ਗ੍ਰੇਡ ਜਾਂ ਇਸ ਤੋਂ ਵੱਧ ਵਿੱਚ ਰਿਟਾਇਰਮੈਂਟ ਤੱਕ ਘੱਟੋ ਘੱਟ 10 ਸਾਲ ਦਾ ਤਜਰਬਾ ਹੋਵੇ:<br>1) ਐਜੂਕੇਸ਼ਨ ਕੋਰ ਤੋਂ ਬਤੌਰ ਕੈਪਟਨ ਸੇਵਾ ਮੁਕਤ ਆਰਮੀ ਅਫਸਰ<br>ਜਾਂ<br>2) ਸੇਵਾ ਮੁਕਤ ਪੀ.ਸੀ.ਐਸ. ਅਧਿਕਾਰੀ।<br>ਜਾਂ<br>3) ਕੇਂਦਰੀ ਵਿਦਿਆਲਿਆ ਜਾਂ ਨਵੋਦਿਆ ਵਿਦਿਆਲਿਆ ਤੋਂ ਸੇਵਾ ਮੁਕਤ ਪ੍ਰਿੰਸੀਪਲ ਜਾਂ ਇਸ ਦੇ ਬਰਾਬਰ ਜਾਂ ਉੱਚ ਅਹੁਦੇ ਤੋਂ ਸੇਵਾ ਮੁਕਤ ਅਧਿਕਾਰੀ। |

**ਨਿਯਮ ਅਤੇ ਸ਼ਰਤਾਂ**

1. ਪੰਜਾਬ ਸਿੱਖਿਆ ਵਿਕਾਸ ਬੋਰਡ ਅਧੀਨ ਪ੍ਰੋਜੈਕਟ ਅਫਸਰ ਦੀ ਆਸਾਮੀ ਮੁੱਢਲੇ ਤੌਰ ਤੇ ਇੱਕ ਸਾਲ ਲਈ ਠੇਕੇ ਦੇ ਅਧਾਰ ਤੇ ਹੋਵੇਗੀ ਜੋ ਕਿ ਚੰਗੀ ਕਾਰ-ਗੁਜ਼ਾਰੀ ਅਤੇ ਪ੍ਰਾਪਤੀ ਦੇ ਅਧਾਰ ਤੇ ਅਗਲੇ ਸਾਲ ਲਈ ਨਵਿਆਈ ਜਾ ਸਕਦੀ ਹੈ।
2. ਬਿਨੈ ਪੱਤਰ ਲਈ ਨਿਰਧਾਰਿਤ ਪ੍ਰੋਫਾਰਮਾ ਵਿਭਾਗ ਦੀ ਵੈਬਸਾਈਟ www.ssapunjab.org ਤੇ ਉਪਲੱਬਧ ਹੋਵੇਗਾ ਅਤੇ ਇਹ ਪ੍ਰੋਫਾਰਮਾ ਡਾਊਨਲੋਡ ਕਰਕੇ ਮੁਕੰਮਲ ਰੂਪ ਵਿੱਚ ਭਰਨ ਉਪਰੰਤ ਇਸ ਦਫਤਰ ਨੂੰ ਨਿਸ਼ਚਿਤ ਮਿਤੀ ਅਤੇ ਸਮੇਂ ਦੇ ਅੰਦਰ-ਅੰਦਰ ਜਮਾਂ ਕਰਵਾਉਣਾ ਹੋਵੇਗਾ।
3. ਬਿਨੈ ਪੱਤਰ ਦੇ ਨਾਲ ਜਨਮ ਮਿਤੀ ਦਾ ਸਬੂਤ, ਯੋਗਤਾਵਾਂ, ਰਿਹਾਇਸ਼ੀ ਸਬੂਤ, ਤਜਰਬੇ ਅਤੇ ਰਿਟਾਇਰਮੈਂਟ ਸਮੇਂ ਪ੍ਰਾਪਤ ਕੀਤੀ ਤਨਖਾਹ ਦਾ ਸਬੂਤ ਆਦਿ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ।
4. ਉਮੀਦਵਾਰ ਦੀ ਉਮਰ ਮਿਤੀ 01-01-2016 ਨੂੰ 62 ਸਾਲ ਤੋਂ ਵੱਧ ਨਾ ਹੋਵੇ।
5. ਉਮੀਦਵਾਰ ਨੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਵੇ ਅਤੇ ਪੰਜਾਬੀ ਲਿਖਣ, ਪੜ੍ਹਨ ਦੀ ਪੂਰੀ ਜਾਣਕਾਰੀ ਰੱਖਦਾ ਹੋਵੇ।
6. ਅਧੂਰੇ ਬਿਨੈ ਪੱਤਰ ਨਹੀਂ ਵਿਚਾਰੇ ਜਾਣਗੇ।
7. ਪੰਜਾਬ ਸਿੱਖਿਆ ਵਿਕਾਸ ਬੋਰਡ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ।
8. ਸਰਕਾਰ ਜਾਂ ਕਿਸੇ ਪਬਲਿਕ ਅਥਾਰਟੀ ਦੁਆਰਾ ਬਰਖਾਸਤ/ਸਜਾਯਾਫਤਾ ਉਮੀਦਵਾਰ ਦਰਖਾਸਤ ਨਾ ਕਰਨ। ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇਗੀ।
9. ਚਾਹਵਾਨ ਉਮੀਦਵਾਰ 500/-ਰੁਪਏ ਦਾ ਨਾ-ਮੋੜਨ ਯੋਗ ਬੈਂਕ ਡਰਾਫਟ, **Punjab Education Development Board** ਦੇ ਨਾਂ ਤੇ ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਬਿਨੈ ਪੱਤਰ ਦੇ ਨਾਲ ਨੱਥੀ ਕਰਨਗੇ।

ਮੈਂਬਰ ਸਕੱਤਰ,

ਪੰਜਾਬ ਸਿੱਖਿਆ ਵਿਕਾਸ ਬੋਰਡ

# ਬਿਨੈ ਪੱਤਰ ਦਾ ਨਮੂਨਾ

ਇੱਥੇ ਪਾਸਪੋਰਟ ਸਾਈਜ਼ ਖੁਦ ਤਸਦੀਕ-ਸ਼ੁਦਾ ਫੋਟੋ ਚਿਪਕਾਈ ਜਾਵੇ।

ਅਸਾਮੀ ਦਾ ਨਾਂ : **ਪ੍ਰੋਜੈਕਟ ਅਫਸਰ, ਪੰਜਾਬ ਸਿੱਖਿਆ ਵਿਕਾਸ ਬੋਰਡ**

1. ਨਾਂ : ____________________
2. ਪਿਤਾ ਦਾ ਨਾਂ : ____________________
3. ਜਨਮ ਮਿਤੀ : ____________________
4. ਸਥਾਈ ਪਤਾ : ____________________
5. ਪੱਤਰ ਵਿਹਾਰ ਲਈ ਪਤਾ ____________________

   ਮੋਬਾਇਲ ਨੰ : ____________ ਈ-ਮੇਲ ਪਤਾ : ____________

6. ਵਿੱਦਿਅਕ ਯੋਗਤਾ ____________________
7. ਜਿਸ ਅਹੁਦੇ ਤੋਂ ਅਧਿਕਾਰੀ ਸੇਵਾ ਮੁਕਤ ਹੋਇਆ ਹੋਵੇ : ____________________
8. ਰਿਟਾਇਰਮੈਂਟ ਸਮੇ ਆਖ਼ਰੀ ਤਨਖਾਹ / ਗ੍ਰੇਡ ____________________
9. ਨੌਕਰੀ ਦੌਰਾਨ ਕੀਤੇ ਕੰਮਾਂ ਦਾ ਵੇਰਵਾ ____________________

   ____________________

10. ਵਿੱਦਿਅਕ ਖੇਤਰ ਦਾ ਤਜਰਬਾ ____________________

   ____________________

**ਘੋਸ਼ਣਾ:** ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਬਿਨੈ-ਪੱਤਰ ਵਿੱਚ ਦਿੱਤੇ ਗਏ ਸਾਰੇ ਵੇਰਵੇ ਮੇਰੇ ਵਿਸ਼ਵਾਸ ਅਤੇ ਜਾਣਕਾਰੀ ਅਨੁਸਾਰ ਸਹੀ ਹਨ। ਜੇਕਰ ਇਹ ਵੇਰਵੇ ਗਲਤ ਪਾਏ ਗਏ ਤਾਂ ਮੇਰੀ ਉਮੀਦਵਾਰੀ/ਨਿਯੁਕਤੀ ਬਿਨਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤੀ ਜਾਵੇ ।

ਉਮੀਦਵਾਰ ਦੇ ਹਸਤਾਖਰ

ਮਿਤੀ: ............................

ਸਥਾਨ ..........................